

# ਆਪਣੇ ਅਧਿਕਾਰ ਜਾਣੋ

## ਅਲਬਰਟਾ ਦਾ ਪਰਿਵਾਰਕ ਹਿੰਸਾ ਖਿਲਾਫ ਸੁਰੱਖਿਆ ਕਾਨੂੰਨ (PAFVA)

## ਜਾਣਕਾਰੀ ਸ਼ੀਟ

ਡਾਟਾ ਤੋਂ ਪਤਾ ਚੱਲਦਾ ਕਿ ਕਨੇਡਾ ਵਿੱਚ ਸਾਰੇ ਹਿੰਸਕ ਅਪਰਾਧਾਂ ਦੇ 22 ਫੀਸਦੀ ਸ਼ਿਕਾਰ[1] ਹੋਏ ਵਿਅਕਤੀ ਦੇ ਪਰਿਵਾਰਕ ਮੈਂਬਰ ਵੱਲੋਂ ਕੀਤੇ ਗਏ ਸਨ।

## *ਪਰਿਵਾਰਕ ਹਿੰਸਾ ਕੀ ਹੈ?*

ਪਰਿਵਾਰਕ ਹਿੰਸਾ, ਪਰਿਵਾਰਕ ਸਬੰਧਾਂ, ਵਿਸ਼ਵਾਸ ਜਾਂ ਨਿਰਭਰਤਾ ਦੇ ਅੰਦਰ ਅਧਿਕਾਰ ਦੀ ਗਲਤ ਵਰਤੋਂ ਹੈ, ਜੋ ਦੂਜੇ ਵਿਅਕਤੀ ਦੇ ਜ਼ਿੰਦਾ ਰਹਿਣ, ਸੁਰੱਖਿਆ ਜਾਂ ਭਲਾਈ ਨੂੰ ਖਤਰੇ ਵਿੱਚ ਪਾ ਦਿੰਦੀ ਹੈ। ਪਰਿਵਾਰਕ ਹਿੰਸਾ ਵਿੱਚ ਸ਼ਾਮਿਲ ਹੋ ਸਕਦੇ ਹਨ, ਪਤੀ/ਪਤਨੀ ਦਾ ਸ਼ੋਸ਼ਣ (ਵਿਆਹੇ ਜਾਂ ਕਾਮਨ-ਲਾਅ), ਬਜ਼ੁਰਗਾਂ ਦਾ ਸ਼ੋਸ਼ਣ ਅਤੇ ਅਣਗੌਲਿਆਂ ਕਰਨਾ, ਬਾਲ ਸ਼ੋਸ਼ਣ ਅਤੇ ਅਣਗੌਲਿਆ, ਬਾਲ ਲਿੰਗੀ ਸ਼ੋਸ਼ਣ, ਮਾਤਾ-ਪਿਤਾ ਦਾ ਸ਼ੋਸ਼ਣ, ਅਤੇ ਕਿਸੇ ਪਰਿਵਾਰਕ[2] ਮੈਂਬਰ ਦਾ ਸ਼ੋਸ਼ਣ ਹੁੰਦੇ ਹੋਏ ਦੇਖਣਾ। ਪਰਿਵਾਰਕ ਹਿੰਸਾ ਵਿੱਚ ਹੇਠਾਂ ਦਿੱਤਿਆਂ ਵਿੱਚੋਂ ਕੁੱਝ ਜਾਂ ਸਾਰੇ ਵਿਹਾਰ ਸ਼ਾਮਿਲ ਹੋ ਸਕਦੇ ਹਨ: ਸਰੀਰਕ ਸ਼ੋਸ਼ਣ, ਮਨੋ-ਵਿਗਿਆਨਕ ਸ਼ੋਸ਼ਣ, ਮੁਜਰਮਾਨਾ ਢੰਗ ਨਾਲ ਤੰਗ-ਪਰੇਸ਼ਾਨ ਕਰਨਾ/ ਚੋਰੀ ਪਿੱਛਾ ਕਰਨਾ, ਜ਼ਬਾਨੀ ਸ਼ੋਸ਼ਣ, ਲਿੰਗੀ ਸ਼ੋਸ਼ਣ, ਆਰਥਕ ਸ਼ੋਸ਼ਣ, ਅਤੇ ਅਧਿਆਤਮਕ ਸ਼ੋਸ਼ਣ। ਪਰਿਵਾਰਕ ਹਿੰਸਾ ਦੇ ਸ਼ਿਕਾਰਾਂ ਵਿੱਚ ਸ਼ਾਮਿਲ ਹਨ, ਡੇਟਿੰਗ ਕਰਨ ਵਾਲੀਆਂ ਜੋੜੀਆਂ, ਪਤੀ/ਪਤਨੀ (ਵਿਆਹੇ ਜਾਂ ਕਾਮਨ- ਲਾਅ), ਐਲਜੀਬੀਟੀਕਿਊ* ਸਬੰਧਾਂ ਦੇ ਵਿਅਕਤੀ, ਬੱਚੇ, ਯੁਵਕ, ਅਪੰਗ ਵਿਅਕਤੀ ਅਤੇ ਬਜ਼ੁਰਗ।

## *ਤੁਸੀਂ ਇਕੱਲੇ ਨਹੀਂ ਹੋ*

ਜੇਕਰ ਤੁਸੀਂ ਸ਼ੋਸ਼ਣ ਵਾਲੇ ਸਬੰਧਾਂ ਨਾਲ ਪੀੜਤ ਹੋ, ਤਾਂ ਜਾਣਨ ਲਈ ਸਭ ਤੋਂ ਜ਼ਿਆਦਾ ਮਹੱਤਵਪੂਰਣ ਗੱਲ ਇਹ ਹੈ ਕਿ ਤੁਸੀਂ ਇਕੱਲੇ ਨਹੀਂ ਹੋ ਅਤੇ ਤੁਹਾਡਾ ਸ਼ੋਸ਼ਣ ਨਹੀਂ ਹੋਣਾ ਚਾਹੀਦਾ। ਤੁਹਾਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਪਰਿਵਾਰਕ ਹਿੰਸਾ ਦੇਖਣ ਵਾਲੇ ਬੱਚਿਆਂ 'ਤੇ ਵੀ ਓਨਾ ਹੀ ਅਸਰ ਪੈਂਦਾ ਹੈ, ਜਿੰਨਾਂ ਸਿੱਧਿਆਂ ਸ਼ੋਸ਼ਣ ਦੇ ਸ਼ਿਕਾਰ ਹੋਣ ਵਾਲਿਆਂ 'ਤੇ। ਪਰਿਵਾਰਕ ਹਿੰਸਾ ਜੁਰਮ ਹੈ ਅਤੇ ਤੁਹਾਨੂੰ ਆਪਣੇ ਆਪ ਦੀ ਅਤੇ ਆਪਣੇ ਬੱਚਿਆਂ ਦੀ ਸੁਰੱਖਿਆ ਲਈ ਮਦਦ ਉਪਲਬਧ ਹੈ।

### ਕਾਨੂੰਨ ਤੁਹਾਡੀ ਰੱਖਿਆ ਕਿਸ ਤਰ੍ਹਾਂ ਕਰ ਸਕਦਾ ਹੈ

*ਅਲਬਰਟਾ ਦਾ ਪਰਿਵਾਰਕ ਹਿੰਸਾ ਖਿਲਾਫ ਸੁਰੱਖਿਆ ਕਾਨੂੰਨ*, ਪਰਿਵਾਰਕ ਹਿੰਸਾ ਦੇ ਸ਼ਿਕਾਰ ਵਿਅਕਤੀ ਦੀ 1999 ਤੋਂ ਮਦਦ ਕਰ ਰਿਹਾ ਹੈ। ੧ ਨਵੰਬਰ, 2006 ਤੋਂ ਲਾਗੂ ਹੋਣ ਵਾਲੀਆਂ ਤਬਦੀਲੀਆਂ ਇਸ ਕਾਨੂੰਨ ਵਿੱਚ ਕੀਤੀਆਂ ਗਈਆਂ ਸਨ, ਤਾਂ ਕਿ ਪਰਿਵਾਰਕ ਹਿੰਸਾ ਦੇ ਸ਼ਿਕਾਰ ਵਿਅਕਤੀਆਂ ਨੂੰ ਬਿਹਤਰ ਸੁਰੱਖਿਆ ਪ੍ਰਦਾਨ ਕੀਤੀ ਜਾ ਸਕੇ। *ਅਲਬਰਟਾ ਦਾ ਪਰਿਵਾਰਕ ਹਿੰਸਾ ਖਿਲਾਫ ਸੁਰੱਖਿਆ ਕਾਨੂੰਨ*, ਪਰਿਵਾਰਕ ਹਿੰਸਾ ਦੇ ਸ਼ਿਕਾਰ **ਸਾਰੇ** ਪਰਿਵਾਰਕ ਮੈਂਬਰਾਂ ਨੂੰ ਸੁਰੱਖਿਆ ਪ੍ਰਦਾਨ ਕਰਦਾ ਹੈ। ਇਸ ਕਾਨੂੰਨ ਅਨੁਸਾਰ ਹੁਣ ਰਿਸ਼ਤੇਦਾਰਾਂ ਦੀ ਸੁਰੱਖਿਆ ਵੀ ਉਪਲਬਧ ਹੈ, ਭਾਵੇਂ ਸ਼ੋਸ਼ਣ ਕਰਨ ਵਾਲਾ ਅਤੇ ਸ਼ੋਸ਼ਣ ਦਾ ਸ਼ਿਕਾਰ ਵਿਅਕਤੀ ਨਾਲ ਰਹਿੰਦੇ ਹੋਣ ਜਾਂ ਨਹੀਂ। ਉਹ ਵਿਅਕਤੀ ਜਿੰਨ੍ਹਾਂ ਦਾ ਚੋਰੀ ਪਿੱਛਾ ਪਰਿਵਾਰ ਦੇ ਮੈਂਬਰ ਜਾਂ ਰਹਿ ਚੁੱਕੇ ਸਾਥੀ ਕਰ ਰਹੇ ਹਨ, ਉਹ ਵੀ ਇਸ ਕਾਨੂੰਨ ਦੇ ਅਧੀਨ ਸੁਰੱਖਿਅਤ ਹਨ।

*ਲੈਸਬੀਅਨ, ਗੇਅ, ਬਾਏਸੈਕਸੁਅਲ, ਟ੍ਰਾਂਸਜੈਂਡਰ, ਟ੍ਰਾਂਸ-ਆਏਡੈਂਟੀਫਾਈਡ, ਦੋਹਰੀ ਸ਼ਖ਼ਸੀਅਤ, ਅਤੇ ਵਚਿੱਤਰ ਪਛਾਣ।



Alberta



***ਅਲਬਰਟਾ ਦਾ ਪਰਿਵਾਰਕ ਹਿੰਸਾ ਖਿਲਾਫ ਸੁਰਖਿਆ ਕਾਨੂੰਨ*, ਵਿੱਚ ਸੁਰਖਿਆ ਦੇ ਤਿੰਨ ਸਾਧਨ ਸ਼ਾਮਿਲ ਹਨ:**

### 1. ਐਮਰਜੈਂਸੀ ਸੁਰੱਖਿਆ ਆਦੇਸ਼ (EPO)

ਈਪੀਓ, ਪਰਿਵਾਰਕ ਹਿੰਸਾ ਦੇ ਸ਼ਿਕਾਰ ਵਿਅਕਤੀ ਦੀ ਤੁਰੰਤ ਸੁਰੱਖਿਆ 'ਤੇ ਧਿਆਨ ਦੇਣ ਦਾ ਇੱਕ ਜ਼ਰੀਆ ਹੈ। ਈਪੀਓ, ਪਰਿਵਾਰਕ ਹਿੰਸਾ ਦੇ ਸ਼ਿਕਾਰ ਵਿਅਕਤੀ ਨੂੰ ਕਾਨੂੰਨੀ ਸੁਰੱਖਿਆ ਪ੍ਰਦਾਨ ਕਰਦਾ ਹੈ – ਇਹ ਜੁਰਮ ਨਾਲ ਜੁੜਿਆ ਇਲਜਾਮ ਨਹੀਂ ਹੈ। ਈਪੀਓ ਸ਼ੋਸ਼ਣ ਕਰਨ ਵਾਲੇ ਨੂੰ ਆਦੇਸ਼ ਦੇ ਸਕਦਾ ਹੈ ਕਿ ਉਹ ਉਹਨਾਂ ਥਾਵਾਂ 'ਤੇ ਨਾ ਜਾਵੇ, ਜਿੱਥੇ ਸ਼ਿਕਾਰ ਹੋਇਆ ਵਿਅਕਤੀ ਆਮ ਕਰਕੇ ਜਾਂਦਾ ਹੈ, ਅਤੇ ਸ਼ਿਕਾਰ ਵਿਅਕਤੀ ਨਾਲ ਗੱਲਬਾਤ ਨਾ ਕਰੇ। ਈਪੀਓ, ਸ਼ਿਕਾਰ ਵਿਅਕਤੀ ਨੂੰ ਘਰ ਵਿੱਚ ਰਹਿਣ ਦੀ ਆਗਿਆ ਦੇ ਸਕਦਾ ਹੈ ਅਤੇ ਸ਼ੋਸ਼ਣ ਕਰਨ ਵਾਲੇ ਨੂੰ ਘਰ ਛੱਡ ਕੇ ਜਾਣ ਦਾ ਆਦੇਸ਼ ਦੇ ਸਕਦਾ ਹੈ। ਉਹ ਹੋਰ ਸ਼ਰਤਾਂ ਵੀ ਲਾ ਸਕਦਾ ਹੈ, ਜੋ ਕਿ ਸ਼ਿਕਾਰ ਹੋਏ ਵਿਅਕਤੀ ਅਤੇ ਦੂਜੇ ਪਰਿਵਾਰਕ ਮੈਂਬਰਾਂ ਦੀ ਫ਼ੌਰੀ ਸੁਰੱਖਿਆ ਲਈ ਜ਼ਰੂਰੀ ਹੋਣ।

**ਈਪੀਓ. ਪ੍ਰਾਪਤ ਕਰਨ ਦਾ ਕੋਈ ਖਰਚ ਨਹੀਂ ਹੈ।** ਬਾਲ ਅਤੇ ਯੁਵਕ ਸੇਵਾਵਾਂ ਦੇ ਕੇਸ-ਵਰਕਰ ਅਤੇ ਪੁਲਿਸ ਦਿਨ ਵਿੱਚ 24 ਘੰਟੇ ਅਤੇ ਹਫਤੇ ਦੇ ਸੱਤੇ ਦਿਨ ਅਰਜ਼ੀ ਦੇ ਸਕਦੇ ਹਨ। ਸ਼ਿਕਾਰ ਹੋਏ ਵਿਅਕਤੀ ਇਸ ਆਦੇਸ਼ ਲਈ ਸਿੱਧਾ ਸੂਬੇ ਦੀ ਕੋਰਟ ਵਿੱਚ ਉਸ ਦੇ ਖੁੱਲ੍ਹੇ ਰਹਿਣ ਦੇ ਸਮੇਂ ਵਿੱਚ ਅਰਜ਼ੀ ਦੇ ਸਕਦੇ ਹਨ। ਈਪੀਓ ਦੀ ਕਵੀਨਜ਼ ਬੈਂਚ ਦੇ ਕੋਰਟ ਵਿੱਚ ਜਾਇਜ਼ੇ ਲਈ ਸਮਾਂ ਪਹਿਲਾਂ ਤੋਂ ਨਿਸ਼ਚਿਤ ਹੋਣਾ ਚਾਹੀਦਾ ਹੈ, ਜੋ ਆਦੇਸ਼ ਪ੍ਰਾਪਤ ਕਰਨ ਤੋਂ ਬਾਅਦ ਕੰਮ-ਕਾਜ ਦੇ ਨੌ ਦਿਨਾਂ ਤੋਂ ਵੱਧ ਨਹੀਂ ਹੋਣਾ ਚਾਹੀਦਾ। ਰਿਵਿਊ ਵਿੱਚ ਜੱਜ ਨਿਸ਼ਚਿਤ ਕਰੇਗਾ ਕਿ, ਜੇਕਰ ਜ਼ਰੂਰਤ ਹੈ, ਤਾਂ ਅੱਗੇ ਹੋਰ ਕਿਹੜੇ ਆਦੇਸ਼ ਦੇਣੇ ਹਨ।

### 2. ਕਵੀਨਜ਼ ਬੈਂਚ ਦਾ ਸੁਰੱਖਿਆ ਆਦੇਸ਼

ਕਵੀਨਜ਼ ਬੈਂਚ ਦਾ ਸੁਰੱਖਿਆ ਆਦੇਸ਼, ਉਸ ਕਿਸਮ ਦੀਆਂ ਉਹਨਾਂ ਸਾਰੀਆਂ ਗੱਲਾਂ ਨੂੰ ਸ਼ਾਮਿਲ ਕਰਦਾ ਹੈ, ਜੋ ਈਪੀਓ ਕਰਦਾ ਹੈ। ਜਿੱਥੇ ਈਪੀਓ, ਸ਼ਿਕਾਰ ਹੋਏ ਵਿਅਕਤੀ ਦੀ ਤੁਰੰਤ ਸੁਰੱਖਿਆ ਲਈ ਹੈ, ਉੱਥੇ ਕਵੀਨਜ਼ ਬੈਂਚ ਦਾ ਸੁਰੱਖਿਆ ਆਦੇਸ਼ ਲੰਮੇ ਸਮੇਂ ਦੀ ਯੋਜਨਾ ਅਤੇ ਸੁਰੱਖਿਆ ਪ੍ਰਦਾਨ ਕਰ ਸਕਦਾ ਹੈ। ਕਵੀਨਜ਼ ਬੈਂਚ ਦਾ ਸੁਰੱਖਿਆ ਆਦੇਸ਼ ਇੱਕ ਸਾਲ ਤੱਕ ਲਈ ਜਾਰੀ ਕੀਤਾ ਜਾ ਸਕਦਾ ਹੈ। ਕਵੀਨਜ਼ ਬੈਂਚ ਦੇ ਸੁਰੱਖਿਆ ਆਦੇਸ਼ ਵਿੱਚ ਹੋਰ ਸ਼ਰਤਾਂ ਵੀ ਲਾਈਆਂ ਜਾ ਸਕਦੀਆਂ ਹਨ। ਉਦਾਹਰਣ ਲਈ, ਉਹ ਸ਼ੋਸ਼ਣ ਕਰਨ ਵਾਲੇ ਨੂੰ ਪਰਿਵਾਰਕ ਹਿੰਸਾ ਕਰਕੇ ਹੋਏ ਆਰਥਕ ਨੁਕਸਾਨ ਦੀ ਪੂਰਤੀ ਕਰਨ ਲਈ ਕਹਿ ਸਕਦਾ ਹੈ, ਉਹ ਕਹਿ ਸਕਦਾ ਹੈ ਕਿ ਕਿਹੜਾ ਧੜਾ ਵਿਅਕਤੀਗਤ ਸੰਪਤੀ ਦਾ ਅਸਥਾਈ ਰੂਪ ਨਾਲ ਮਾਲਕ ਬਣੇਗਾ, ਸ਼ੋਸ਼ਣ ਕਰਨ ਵਾਲੇ ਲਈ ਕਾਊਂਸਲਿੰਗ ਦਾ ਆਦੇਸ਼ ਦੇ ਸਕਦਾ ਹੈ ਅਤੇ ਦੋਹਾਂ ਸਰਪ੍ਰਸਤਾਂ ਦੀ ਆਗਿਆ ਤੋਂ ਬਿਨਾ ਬੱਚੇ ਦੀ ਕਾਊਂਸਲਿੰਗ ਦਾ ਆਦੇਸ਼ ਦੇ ਸਕਦਾ ਹੈ। ਕਵੀਨਜ਼ ਬੈਂਚ ਦਾ ਸੁਰੱਖਿਆ ਆਦੇਸ਼, ਉਸ ਸਮੇਂ ਜਾਰੀ ਕੀਤਾ ਜਾ ਸਕਦਾ ਹੈ, ਜਦੋਂ ਐਮਰਜੈਂਸੀ ਸੁਰੱਖਿਆ ਆਦੇਸ਼ ਦੀ ਜਾਂਚ ਹੋ ਰਹੀ ਹੋਵੇ। ਸਿਰਫ ਸ਼ਿਕਾਰ ਹੋਇਆ ਵਿਅਕਤੀ ਹੀ ਅਰਜ਼ੀ ਦੇ ਸਕਦਾ ਹੈ। ਕਵੀਨਜ਼ ਬੈਂਚ ਦੇ ਸੁਰੱਖਿਆ ਆਦੇਸ਼ ਲਈ ਸਿੱਧਿਆਂ ਵੀ ਅਰਜ਼ੀ ਦਿੱਤੀ ਜਾ ਸਕਦੀ ਹੈ (ਪਹਿਲਾਂ, ਬਿਨਾ ਈ.ਪੀ.ਓ. ਦੇ)।

### 3. ਦਾਖ਼ਲ ਹੋਣ ਦੀ ਆਗਿਆ ਦਾ ਵਾਰੰਟ

ਦਾਖ਼ਲ ਹੋਣ ਦੀ ਆਗਿਆ ਦਾ ਵਾਰੰਟ, ਪੁਲਿਸ ਨੂੰ ਵਾਰੰਟ ਵਿੱਚ ਲਿਖੀ ਗਈ ਥਾਂ ਵਿੱਚ ਦਾਖ਼ਲ ਹੋਣ ਦਾ ਅਧਿਕਾਰ ਦਿੰਦਾ ਹੈ, ਤਾਂ ਕਿ ਉਹ ਪਰਿਵਾਰਕ ਮੈਂਬਰ ਦੀ ਖੋਜ, ਸਹਾਇਤਾ ਜਾਂ ਪੁੱਛ-ਗਿਛ ਕਰ ਸਕੇ ਅਤੇ ਸ਼ਿਕਾਰ ਹੋਏ ਵਿਅਕਤੀ ਨੂੰ ਉਹਨਾਂ ਦੀ ਸਹਿਮਤੀ ਨਾਲ ਉਹਨਾਂ ਦੀ ਸੁਰੱਖਿਆ ਲਈ ਹਟਾ ਸਕੇ। ਦਾਖ਼ਲ ਹੋਣ ਦੀ ਆਗਿਆ ਦੇ ਵਾਰੰਟ ਦੀ ਅਰਜ਼ੀ ਸਿਰਫ ਪੁਲਿਸ ਦੇ ਸਕਦੀ ਹੈ।

## *ਵਧੇਰੇ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ*

ਅਲਬਰਟਾ ਦੇ ਪਰਿਵਾਰਕ ਹਿੰਸਾ ਖਿਲਾਫ ਸੁਰੱਖਿਆ ਕਾਨੂੰਨ ਬਾਰੇ ਜਾਂ ਪਰਿਵਾਰਕ ਹਿੰਸਾ ਦੀ ਰੋਕਥਾਮ ਬਾਰੇ ਵਧੇਰੇ ਜਾਣਕਾਰੀ ਲਈ 24-ਘੰਟਿਆਂ ਵਾਲੀ ਫੈਮਲੀ ਵਾਇਲੈਂਸ ਇਨਫੋ ਲਾਇਨ ਨੂੰ **310-1818** 'ਤੇ ਟੋਲ-ਫ੍ਰੀ ਫੋਨ ਕਰੋ ਜਾਂ **www.familyviolence.alberta.ca** 'ਤੇ ਅਲਬਰਟਾ ਦੀਆਂ ਬਾਲ ਅਤੇ ਯੁਵਕ ਸੇਵਾਵਾਂ ਦੇਖੋ। ਈਪੀਓ ਜਾਂ ਕਵੀਨਜ਼ ਬੈਂਚ ਸੁਰੱਖਿਆ ਆਦੇਸ਼ ਕਿਸ ਤਰ੍ਹਾਂ ਪ੍ਰਾਪਤ ਕਰਨ ਬਾਰੇ ਜਾਣਕਾਰੀ ਸੂਬੇ ਦੇ ਲੀਗਲ ਏਡ ਦਫਤਰ ਤੋਂ ਵੀ ਮਿਲ ਸਕਦੀ ਹੈ। **310-0000** 'ਤੇ ਟੋਲ-ਫ੍ਰੀ ਫੋਨ ਕਰੋ ਅਤੇ **(780) 427 7575** ਨਾਲ ਜੋੜਣ ਲਈ ਕਹੋ।

# ਸਹਾਇਤਾ ਲਵੋ

**ਜੇਕਰ ਤੁਸੀਂ ਜਾਂ ਤੁਹਾਡਾ ਕੋਈ ਜਾਣਨ ਵਾਲਾ ਫ਼ੌਰੀ ਖਤਰੇ ਵਿੱਚ ਹੈ, ਤਾਂ 911 ਨੂੰ ਫੋਨ ਕਰੋ।** ਆਪਣੇ ਭਾਈਚਾਰੇ ਵਿੱਚ ਮਦਦ ਲਈ ਜਾਂ ਵਧੇਰੇ ਜਾਣਕਾਰੀ ਲਈ, ਕ੍ਰਿਪਾ ਕਰਕੇ 24-ਘੰਟਿਆਂ ਵਾਲੀ ਪਰਿਵਾਰਕ ਹਿੰਸਾ ਇਨਫੋ ਲਾਈਨ ਨੂੰ **310-1818** 'ਤੇ ਟੋਲ-ਫ੍ਰੀ ਫੋਨ ਕਰੋ ਜਾਂ **www.familyviolence.alberta.ca** ਦੇਖੋ। ਅਲਬਰਟਾ ਦੀਆਂ ਬਾਲ ਅਤੇ ਯੁਵਕ ਸੇਵਾਵਾਂ ਨੂੰ ਮਾਣ ਹੈ ਕਿ ਉਹ ਅਲਬਰਟਾ ਦੀ ਪਰਿਵਾਰਕ ਹਿੰਸਾ ਅਤੇ ਝਗੜਿਆਂ ਦੀ ਕੋਸ਼ਿਸ਼ ਦੀ ਰੋਕਥਾਮ ਦੀ ਅਗਵਾਈ ਕਰ ਰਹੀਆਂ ਹਨ।

[1] ਔਗਰੌਡਨਿਕ, ਐਲ. (ਏਡ.) (2008, ਅਕਤੂਬਰ)। *ਕਨੇਡਾ ਵਿੱਚ ਪਰਿਵਾਰਕ ਹਿੰਸਾ- ਅੰਕੜਿਆਂ ਦਾ ਢਾਂਚਾ*, 2008 (ਕੈਟਾਲੌਗ ਨੰਬਰ 85-224-X)। ਔਟਵਾ, ਓਨਟਾਰੀਓ: ਸਟੈਟਿਸਟਿਕਸ ਕਨੇਡਾ http://www.phac-aspc.gc.ca/ncfv-cnivf/familyviolence/pdfs/fv-85-224-X1E-2008_e.pdf ਤੋਂ ਲਿਆ ਗਿਆ ਹੈ।

[2] ਅਲਬਰਟਾ ਬਾਲ ਅਤੇ ਯੁਵਕ ਸੇਵਾਵਾਂ (2004) *ਅਲਬਰਟਾ ਰਾਊਂਡ ਟੇਬਲ ਅਤੇ ਪਰਿਵਾਰਕ ਹਿੰਸਾ ਅਤੇ ਗੁੰਡਾਗਰਦੀ: ਮਿਲਜੁਲ ਕੇ ਹੱਲ ਤਲਾਸ਼ਨਾ।* ਐਡਮੰਟਨ, ਏਬੀ:, ਕਵੀਨਜ਼ ਪ੍ਰਿੰਟਰ, http://www.child.alberta.ca/home/documents/familyviolence/rpt_opfvb_finding_solutions_high.pdf ਤੋਂ ਲਿਆ ਗਿਆ।